ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-3 ਸ਼ਾਖਾ)

ਸੇਵਾ ਵਿਖੇ,

1. ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ),
   ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ),
   ਪੰਜਾਬ।

ਮੀਮੋ ਨੰ: 3/10/19-3ਸਿ3/ 1440122/1-23

ਮਿਤੀ : 14/3/2019

ਵਿਸ਼ਾ :- **ਤਰਸ ਦੇ ਅਧਾਰ ਤੇ ਨਿਯੁਕਤੀ ਦੇਣ ਲਈ ਕੇਸਾਂ ਸਬੰਧੀ ਹਦਾਇਤਾਂ।**

2. ਸਿੱਖਿਆ ਵਿਭਾਗ ਅਧੀਨ ਵੱਖ-ਵੱਖ ਅਸਾਮੀਆਂ ਲਈ ਤਰਸ ਦੇ ਅਧਾਰ ਤੇ ਨਿਯੁਕਤੀ ਦੇਣ ਸਬੰਧੀ ਪ੍ਰਾਰਥੀਆਂ ਤੋਂ ਪ੍ਰਤੀਬੇਨਤੀਆਂ ਪ੍ਰਾਪਤ ਹੁੰਦੀਆਂ ਹਨ। ਇਹਨਾਂ ਨਿਯੁਕਤੀਆਂ ਸਬੰਧੀ ਆਮ ਤੌਰ ਤੇ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ ਕਿ ਪ੍ਰਾਰਥੀਆਂ ਨੂੰ ਯੋਗਤਾ ਅਨੁਸਾਰ ਬਣਦੀ ਅਸਾਮੀ ਤੇ ਨਿਯੁਕਤ ਨਹੀਂ ਕੀਤਾ ਜਾਂਦਾ। ਇਸ ਲਈ ਤਰਸ ਦੇ ਅਧਾਰ ਤੇ ਵੱਖ-ਵੱਖ ਅਸਾਮੀਆਂ ਤੇ ਨਿਯੁਕਤੀ ਦੇਣ ਲਈ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ ਹੈ:-

(i) ਕੋਈ ਵੀ ਵਿਅਕਤੀ ਜੋ ਗ੍ਰੈਜੂਏਟ ਹੋਵੇ ਅਤੇ ਕਲਰਕ ਵੱਜੋਂ ਨਿਯੁਕਤੀ ਲਈ ਹੋਰ ਲੋੜੀਂਦੀਆਂ ਯੋਗਤਾਵਾਂ ਨੂੰ ਪੂਰਾ ਕਰਦਾ ਹੋਵੇ ਤਾਂ ਉਸਨੂੰ ਕਲਰਕ ਨਿਯੁਕਤ ਕੀਤਾ ਜਾਵੇ।

(ii) ਕੋਈ ਵੀ ਵਿਅਕਤੀ ਜਿਸ ਨੇ 10+2 Medical or Non-Medical Stream ਵਿੱਚ ਪਾਸ ਕੀਤੀ ਹੋਵੇ ਤਾਂ ਉਸਨੂੰ ਐਸ.ਐਲ.ਏ. ਨਿਯੁਕਤ ਕੀਤਾ ਜਾਵੇਗਾ ਅਤੇ ਜੇਕਰ 10+2 Medical or Non-Medical Stream ਤੋਂ ਇਲਾਵਾ ਕਿਸੇ ਹੋਰ Stream ਵਿੱਚ ਪਾਸ ਕੀਤੀ ਹੋਵੇ ਤਾਂ ਲਾਇਬ੍ਰੇਰੀ ਰਿਸਟੋਰਰ ਨਿਯੁਕਤ ਕੀਤਾ ਜਾਵੇਗਾ।

(iii) ਕੋਈ ਵੀ ਵਿਅਕਤੀ ਜੋ ਮੈਟ੍ਰਿਕ ਪਾਸ ਹੋਵੇ, ਨੂੰ ਪੁਰਸ਼ ਹੋਣ ਦੇ ਮਾਮਲੇ ਵਿੱਚ ਚੌਂਕੀਦਾਰ ਅਤੇ ਇਸਤਰੀ ਹੋਣ ਦੇ ਮਾਮਲੇ ਵਿੱਚ ਅਤੇ ਸੇਵਾਦਾਰ ਨਿਯੁਕਤ ਕੀਤਾ ਜਾਵੇ।

3. ਵਿਭਾਗ ਵਿੱਚ ਤਰਕਸੰਗਤਾ ਲਈ ਡਾਇਰੈਕਟਰ ਸਿੱਖਿਆ ਵਿਭਾਗ ਪਹਿਲਾਂ ਖਾਲੀ ਅਸਾਮੀਆਂ ਦੀ ਗਿਣਤੀ ਨੂੰ ਨਿਰਧਾਰਤ ਕਰੇਗਾ (ਖਾਸ ਕਰਕੇ ਐਸ.ਐਲ.ਏ. ਅਤੇ ਲਾਇਬ੍ਰੇਰੀ ਰਿਸਟੋਰਰ ਦੇ ਕਾਡਰ ਸਬੰਧੀ) । ਐਸ.ਐਲ.ਏ. ਅਤੇ ਲਾਇਬ੍ਰੇਰੀ ਰੀਸਟੋਰਰ ਵਜੋਂ ਨਿਯੁਕਤੀ ਤਾਂ ਹੀ ਕੀਤੀ ਜਾਵੇਗੀ ਜੇਕਰ ਖਾਲੀ ਅਸਾਮੀਆਂ ਹੋਣ ਅਤੇ ਖਾਲੀ ਅਸਾਮੀਆਂ ਨਾ ਹੋਣ ਦੀ ਸੂਰਤ ਵਿੱਚ ਬਿਨੈਕਾਰ ਨੂੰ ਸੇਵਾਦਾਰ /ਦਰਜਾ-4 ਦੀ ਅਸਾਮੀ ਲਈ ਵਿਚਾਰਿਆ ਜਾਵੇਗਾ।

ਸਕੱਤਰ ਸਕੂਲ ਸਿੱਖਿਆ

Scanned by CamScanner